HAMILTON-WENTWORTH DISTRICT SCHOOL BOARD
Character Builds

**CHRIS SPENCE**
Director of Education
TEL (905) 527-5092 EXT.2297 FAX: (905) 521-2539

ਅਪ੍ਰੈਲ 15, 2009

ਪਿਆਰੇ ਮਾਂ–ਬਾਪ/ਰੱਖਿਅਕ:

**ਬਾਬਤ: Student Equity Inventory (ਵਿਦਿਆਰਥੀ ਨਿਆਂ ਸੂਚੀ)**

ਹੈਮਿਲਟਨ–ਵੈਂਟਵਰਥ ਜ਼ਿਲਾ ਸਕੂਲ ਬੋਰਡ 10 ਅਤੇ 11 ਸੈਕੰਡਰੀ ਜਮਾਤ ਦੇ ਵਿਦਿਆਰਥੀਆਂ ਲਈ ਮਈ ਤੋਂ ਜੂਨ ਦੇ ਦੌਰਾਨ ਇੱਕ ਵਿਦਿਆਰਥੀ ਨਿਆਂ ਸੂਚੀ ਬਣਵਾ ਰਿਹਾ ਹੈ ਅਤੇ ਤੁਹਾਡੇ ਬੱਚੇ/ਬੱਚਿਆਂ ਦੇ ਭਾਗ ਲੈਣ ਦੀ ਮੰਜ਼ੂਰੀ ਚਾਹੁੰਦਾ ਹੈ।

ਵਿਦਿਆਰਥੀ ਨਿਆਂ ਸੂਚੀ ਦੇ ਮੰਤਵ ਹਨ:

- ਸਾਡੀ ਵਿਦਿਆਰਥੀ ਜਨਸੰਖਿਆ ਦੀ ਅਨੇਕਤਾ ਬਾਰੇ ਬੋਰਡ ਨੂੰ ਜਾਣਕਾਰੀ ਦੇਣਾ
- ਪ੍ਰੋਗਰਾਮਾਂ ਦੇ ਵਿਸਤਾਰ ਵਿੱਚ ਇਸ ਜਾਣਕਾਰੀ ਦਾ ਪ੍ਰਯੋਗ ਕਰਨਾ ਜਾਂ ਹਰ ਸੰਸਕ੍ਰਿਤੀ, ਧਰਮ, ਵਿਦਿਅਤਾ ਛੋਟ ਤੇ ਨਫ਼ਸਾਨੀ ਦਿਸ਼ਾ–ਸਥਿਤੀ ਤੋਂ ਆਏ ਬੱਚਿਆਂ ਨੂੰ ਸਿੱਖਿਆ ਦੇ ਸਾਧਨ ਦੇਕੇ ਮੱਦਦ ਕਰਨੀ।
- ਯਕੀਨ ਬਣਾਓਣਾ ਕਿ HWDSB ਸੁਰੱਖਿਅਤ ਤੇ ਮਿਲਵਰਤਨ ਭਰਪੂਰ ਵਾਤਾਵਰਨ ਵਿੱਚ ਸਿੱਖਿਆ ਦੇਣ ਨੂੰ ਸਹਿਯੋਗ ਦਿੰਦਾ ਰਵੇ।

ਤੁਹਾਡੀ ਮੰਜ਼ੂਰੀ ਨਾਲ, ਤੁਹਾਡਾ ਬੱਚਾ ਇੱਕ ਸਰਵੇ ਜਿਸ ਵਿੱਚ ਉਹਨਾ ਦੀ ਆਪਣੀ ਅਨੂਠੀ ਪਹਿਚਾਣ (ਸੰਸਕ੍ਰਿਤੀ, ਧਰਮ, ਨਫ਼ਸਾਨੀ ਦਿਸ਼ਾ–ਸਥਿਤੀ, ਵਿਦਿਵਤਾ ਛੋਟ) ਅਤੇ ਸਕੂਲ ਵਿਚਲੇ ਉਹਨਾਂ ਦੇ ਤਜਰਬਿਆਂ (ਵੇਖੀ ਗਈ ਅਕਾਦਮੀ ਪ੍ਰਗਤੀ, ਭੇਦ–ਭਾਵ, ਸਕੂਲੀ ਵਾਤਾਵਰਨ, ਭੱਵਿਖ ਲਈ ਉਮੀਦਾਂ) ਬਾਰੇ ਪ੍ਰਸ਼ਨਾਂ ਦੀ ਪਦਾਵਲੀ ਹੈ, ਭਰ ਸਕੇਗਾ।ਇਹ ਸਰਵੇ ਕੰਮਪੀਊਟਰ ਲੈਬ 'ਚ, on-line, ਅਧਿਆਪਕ ਦੀ ਨਿਗਰਾਨੀ ਹੇਠ ਭਰਿਆ ਜਾਏਗਾ ਅਤੇ ਇਸਨੂੰ ਕਲਾਸ ਸਮੇਂ ਦੇ ਤਕਰੀਬਨ15 ਮਿੰਟ ਲਗੱਣਗੇ। ਤੁਹਾਡੇ ਬੱਚੇ ਦਾ ਨਾਮ ਸਰਵੇ ਉਪਰ ਨਹੀਂ ਆਏਗਾ ਅਤੇ ਨਾ ਹੀ ਉਸਨੂੰ ਕਿਸੇ ਪਹਿਚਾਣੇ ਜਾ ਸਕਣ ਵਾਲੇ ਕੋਡ ਰਾਹੀ ਜਾਣਿਆ ਜਾਏਗਾ। ਸਰਵੇ ਗੁਮਨਾਮ ਹੈ।

ਅਨੇਕਤਾ ਜਾਗਰੁਕਤਾ ਅਤੇ ਸਿਖਲਾਈ ਹਰੇਕ ਸੈਕੰਡਰੀ ਸਕੂਲ ਵਿੱਚ ਵਿਕਸਿਤ ਹੁੰਦੀ ਆ ਰਹੀ ਹੈ। ਸਾਨੂੰ ਯਕੀਨ ਹੈ ਕਿ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਲਾਭ ਹੋਏਗਾ। ਸਰਵੇ ਨੂੰ ਪੂਰਾ ਕਰਨ ਤੇ ਵਿਦਿਆਰਥੀਆਂ ਨੂੰ ਅਨੇਕਤਾ ਅਤੇ ਨਿਆ ਸੰਬੰਧੀ ਮੁੱਦਿਆਂ ਪ੍ਰਤੀ ਵਧੇਰੇ ਜਾਣਕਾਰੀ ਮਿਲ ਸਕੇਗੀ। ਸਕੂਲਾਂ ਨੂੰ ਕੰਮਿਊਨਿਟੀ ਦੇ ਵਿਦਿਆਰਥੀਆਂ ਅਤੇ ਉਹਨਾਂ ਦੀਆਂ ਜ਼ਰੂਰਤਾਂ ਨੂੰ ਜਾਣਨ ਦਾ ਲਾਭ ਹੋਏਗਾ।

ਹਲਾਂਕਿ ਇਸ ਅਧਿਐਨ ਵਿੱਚ ਭਾਗ ਲੈਣ ਤੇ ਕੋਈ ਸਰੀਰਿਕ ਜੋਖ਼ਮ ਨਹੀਂ ਹੈ, ਕੁਝ ਵਿਦਿਆਰਥੀ ਕੁਝ ਪ੍ਰਸ਼ਨਾਂ ਨੂੰ ਪੂਰਾ ਕਰਨ ਵਿੱਚ ਅਣਸੁਖਾਂਵਾ ਮਹਿਸੂਸ ਕਰ ਸਕਦੇ ਹਨ। ਤੁਹਾਡਾ ਬੱਚਾ ਚੋਣ ਕਰ ਸਕਦਾ ਹੈ ਕਿ ਉਹ ਸਰਵੇ ਪੂਰਾ ਕਰਨਾ ਚਾਹੁੰਦਾ ਹੈ ਜਾ ਨਹੀਂ ਅਤੇ ਉਸਨੂੰ ਇਹ ਅਧਿਕਾਰ ਹੋਏਗਾ ਕਿ ਕਿਸੇ ਪ੍ਰਸ਼ਨ ਨੂੰ ਛੱਡ ਸਕੇ ਜਾਂ ਕਦੇ ਵੀ ਸਰਵੇ ਪੂਰਾ ਕਰਨਾ ਬੰਦ ਕਰ ਸਕੇ।ਜੇਕਰ ਤੁਸੀਂ ਅਤੇ/ਜਾਂ ਤੁਹਾਡਾ ਬੱਚਾ ਭਾਗ ਨਹੀਂ ਲੈਣਾ ਚਾਹੁੰਦੇ, ਤਾਂ ਇਸ ਨਾਲ ਉਸਦੇ ਦਰਜੇ ਜਾਂ ਦੂਸਰੇ ਸਕੂਲੀ ਸਿਟਿਆਂ ਤੇ ਕਿਸੇ ਤਰਾਂ ਦਾ ਪ੍ਰਭਾਵ ਨਹੀਂ ਪਏਗਾ।

ਕਿਰਪਾ ਕਰਕੇ ਨਾਲ ਦਿੱਤੇ ਹੋਏ ਫ਼ਾਰਮ ਤੇ ਆਪਣੇ ਬੱਚੇ ਨੂੰ ਭਾਗ ਲੈਣ ਦੀ ਤੁਹਾਡੀ ਮੰਜ਼ੂਰੀ ਬਾਰੇ ਦਰਸਾਉ। ਸਕੂਲ ਦਫ਼ਤਰੀ ਕਰਮਚਾਰੀ ਸਹਿਮਤੀਆਂ ਦੇ ਆਉਣ ਤੇ ਇੱਕਠਿਆਂ ਕਰੇਗਾ ਅਤੇ ਫ਼ਾਰਮਾਂ ਨੂੰ ਮੁੱਖ ਦਫ਼ਤਰ ਵਿੱਚ ਇੱਕ ਤਾਲਾ–ਬੰਦ ਅਲਮਾਰੀ ਵਿੱਚ ਰੱਖੇਗਾ। ਜੇ ਤੁਸੀਂ ਬੱਚੇ ਨੂੰ ਭਾਗ ਲੈਣ ਦੀ ਸਹਿਮਤੀ ਦਿਉਂਗੇ, ਤਾਂ ਅਸੀਂ ਉਸਨੂੰ ਭਾਗ ਲੈਣ ਲਈ ਸਦਾ ਦਿਆਂਗੇ।

ਵਿਦਿਆਰਥੀ ਨਿਆਂ ਸੂਚੀ ਦੇ ਨਿਗਰਾਨੀ ਬੋਰਡ ਦੇ ਖੋਜ ਵਿਭਾਗ (‘E-BEST, Evidence-Based Education and Services Team’ ਸਬੂਤਾਂ ਤੇ ਅਧਾਰਿਤ ਵਿਦਿਆ ਅਤੇ ਸੇਵਾ ਦਲ) ਵਲੋਂ ਕੀਤੀ ਜਾਏਗੀ। ਜੇ ਤੁਹਾਡੇ ਵਿਦਿਆਰਥੀ ਨਿਆਂ ਸੂਚੀ ਬਾਰੇ ਪ੍ਰਸ਼ਨ ਹਨ, ਤਾਂ ਡਾ. ਕੈਥੀ ਸ਼ੋਰਟ ਨੂੰ Kathy.Short@hwdsb.on.ca ਜਾਂ 905-304-8722, ਐਕਸਟੈਂਸ਼ਨ 201 ਤੇ ਸੰਪਰਕ ਕਰੋ।

ਜੇ ਤੁਸੀ ਸਰਵੇ ਦੀ ਕਾਪੀ ਦੇਖਣਾ ਚਾਹੁੰਦੇ ਹੋ ਤਾਂ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ ਜਾਂ ਸਰਵੇ online ਵੇਖਣ ਲਈ www.hwdsb.on.ca ਤੇ ਜਾਉ। ਜਦੋਂ ਸਾਰੇ ਸਕੂਲ ਸਰਵੇ ਖਤਮ ਕਰ ਲੈਣਗੇ, ਤਾਂ ਹਰ ਸੈਕੰਡਰੀ ਸਕੂਲ ਵਿੱਚ ਇੱਕ ਰਿਪੋਰਟ ਜੋ ਕਿ ਉਸ ਸਕੂਲ ਦੇ ਨਤੀਜਿਆਂ ਦਾ ਨਿਚੋੜ ਦਸਦੀ ਹੋਵੇ, ਭੇਜੀ ਜਾਏਗੀ।

*ਇਸ ਅਧਿਐਨ ਦੀ ਆਲੋਚਨਾ ਅਤੇ ਮੰਜ਼ੂਰੀ McMaster University Research Ethics Board ਵਲੋ ਦਿੱਤੀ ਗਈ ਹੈ। ਜੇਕਰ ਭਾਗ ਲੈਣ ਵਾਲੇ ਦੇ ਤੌਰ ਤੇ ਤੁਹਾਡੇ ਹੱਕ ਜਾਂ ਜਿਸ ਢੰਗ ਨਾਲ ਅਧਿਐਨ ਕੀਤਾ ਜਾ ਰਿਹਾ ਹੈ, ਬਾਰੇ ਤੁਹਾਡੇ ਫ਼ਿਕਰ ਜਾਂ ਪ੍ਰਸ਼ਨ ਹਨ ਤਾਂ ਤੁਸੀਂ McMaster Research Ethics Board ਦੇ ਸਕੱਤਰ ਨੂੰ 905-525-914 ਐਕਸ. 23142 ਜਾਂ ਈ–ਮੇਲ ethicsoffice@mcmaster.ca ਤੇ ਸੰਪਰਕ ਕਰ ਸਕਦੇ ਹੋ।*

ਸ਼ੁਰੂ ਤੋਂ ਲੈਕੇ ਅੰਤ ਤੱਕ, ਵਿਦਿਆਰਥੀ ਨਿਆਂ ਸੂਚੀ ਉੱਚਤਮ ਅਖੰਡਤਾ ਨਾਲ ਕੀਤੀ ਜਾਏਗੀ। ਤੁਹਾਡੇ ਬੱਚੇ ਦਾ ਪ੍ਰਥਮ ਹਿੱਤ ਅਤੇ ਹਿਫ਼ਾਜ਼ਤ ਇਸ ਉਪਰਾਲੇ ਦਾ ਕੇਂਦਰ ਹਨ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਸ ਮਸਲੇ ਵਿੱਚ ਆਪਣਾ ਪੂਰਾ ਵਿਸ਼ਵਾਸ ਦਿਉਂਗੇ ਅਤੇ ਅਸੀਂ ਤੁਹਾਡੀ ਸ਼ਿਰਕਤ ਦਾ ਧੰਨਵਾਦ ਕਰਦੇ ਹਾਂ।

ਆਪਣੇ ਵਿਦਿਆਰਥੀਆਂ ਲਈ,



ਡਾ. ਕ੍ਰਿਸ ਸਪੈਂਸ
ਸਿੱਖਿਆ ਨਿਰਦੇਸ਼ਕ

100 MAIN STREET WEST, HAMILTON, ON L8P 1H6 TEL.: 905.527.5092 FAX: 905.521.2544 www.hwdsb.on.ca